# ਸੋਨੇ ਦਾ ਅੰਡਾ ਦੇਣ ਵਾਲ਼ੀ ਮੁਰਗ਼ੀ



ਇੱਕ ਪਿੰਡ ਵਿੱਚ ਨੱਥੂ ਨਾਮ ਦਾ ਇੱਕ ਆਦਮੀ ਰਹਿੰਦਾ ਸੀ। ਉਹ ਬਹੁਤ ਗ਼ਰੀਬ ਸੀ। ਉਸ ਦੇ ਘਰ ਦਾ ਗੁਜ਼ਾਰਾ ਬੜਾ ਔਖਾ ਸੀ। ਇੱਕ ਦਿਨ ਇੱਕ ਆਦਮੀ ਨੇ ਉਸ ਨੂੰ ਕੁੱਝ ਮੁਰਗੀਆਂ ਦਿੱਤੀਆਂ ਤਾਂ ਜੋ ਉਹ ਅੰਡੇ ਵੇਚ ਕੇ ਆਪਣਾ ਗੁਜ਼ਾਰਾ ਕਰ ਲਵੇ। ਉਹਨਾਂ ਵਿੱਚੋਂ ਇੱਕ ਮੁਰਗੀ ਨੇ ਸੋਨੇ ਦਾ ਅੰਡਾ ਦਿੱਤਾ। ਨੱਥੂ ਨੇ ਅੰਡਾ ਵੇਚ ਕੇ ਕਾਫ਼ੀ ਧਨ ਕਮਾ ਲਿਆ। ਮੁਰਗ਼ੀ ਹਰ ਰੋਜ਼ ਸੋਨੇ ਦਾ ਅੰਡਾ ਦਿੰਦੀ ਤੇ ਉਹ ਵੇਚ ਕੇ ਵਾਧੂ ਪੈਸੇ ਵੱਟਦਾ।

ਇੱਕ ਦਿਨ ਉਸ ਦੇ ਮਨ ਵਿੱਚ ਲਾਲਚ ਆ ਗਿਆ। ਉਸ ਨੇ ਸੋਚਿਆ ਕਿ ਮੈਂ ਇੱਕੋ ਵਾਰ ਮੁਰਗ਼ੀ ਦੇ ਢਿੱਡ ਵਿੱਚੋਂ ਸਾਰੇ ਅੰਡੇ ਕੱਢ ਕੇ ਵੇਚ ਦੇਵਾਂ ਅਤੇ ਇੱਕੋ ਵਾਰ ਅਮੀਰ ਬਣ ਜਾਵਾਂ। ਉਸ ਨੇ ਮੁਰਗ਼ੀ ਨੂੰ ਫੜ ਕੇ ਉਸ ਦਾ ਢਿੱਡ ਪਾੜ ਦਿੱਤਾ। ਮੁਰਗ਼ੀ ਦੇ ਢਿੱਡ ਵਿੱਚੋਂ ਕੋਈ ਵੀ ਅੰਡਾ ਨਾ ਨਿਕਲਿਆ। ਨੱਥੂ ਬੜਾ ਹੀ ਪਛਤਾਇਆ ਪਰ ਹੁਣ ਕੀ ਹੋ ਸਕਦਾ ਸੀ।

**ਸਿੱਖਿਆ: ਲਾਲਚ ਬੁਰੀ ਬਲਾ ਹੈ।**

ਸਮਰਜੀਤ ਸਿੰਘ ਸੰਧੂ